# ਗੁਰਮਤਿ ਸੰਗੀਤ ਵਿਭਾਗ - ਗੁਰਮਤਿ ਸੰਗੀਤ ਚੇਅਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਗੁਰਮਤਿ ਸੰਗੀਤ ਪ੍ਰਤਿਯੋਗਤਾ ਸਬੰਧੀ ਸਾਂਝੇ ਨਿਯਮ

1. **ਪ੍ਰਤਿਯੋਗਤਾ ਖੇਤਰ** : ਗੁਰਮਤਿ ਸੰਗੀਤ ਅਤੇ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਸੰਸਥਾਵਾਂ ਦੇ ਵਿਦਿਆਰਥੀ ਅਤੇ ਸਿਖਿਆਰਥੀ ਇਸ ਓਪਨ ਪ੍ਰਤਿਯੋਗਤਾ (Open Competition) ਵਿਚ ਭਾਗ ਲੈ ਸਕਦੇ ਹਨ ਜੋ ਸੀਨੀਅਰ ਅਤੇ ਜੂਨੀਅਰ ਦੋ ਗਰੁੱਪਾਂ ਵਿਚ ਹੋਵੇਗੀ ।

2. **ਪ੍ਰਤਿਯੋਗਤਾ ਕੈਟਾਗਰੀਜ਼** : ਗੁਰਮਤਿ ਸੰਗੀਤ ਪ੍ਰਤਿਯੋਗਤਾ ਹੇਠ ਲਿਖੇ ਅਨੁਸਾਰ ਹੋਵੇਗੀ :

| | |
|---|---|
| I ਗੁਰਮਤਿ ਸੰਗੀਤ : ਸਮੂਹ ਸ਼ਬਦ ਗਾਇਨ | - ਸੀਨੀਅਰ ਅਤੇ ਜੂਨੀਅਰ ਕੈਟਾਗਰੀ |
| II ਗੁਰਮਤਿ ਸੰਗੀਤ : ਵਿਅਕਤੀਗਤ ਸ਼ਬਦ ਗਾਇਨ | - ਸੀਨੀਅਰ ਅਤੇ ਜੂਨੀਅਰ ਕੈਟਾਗਰੀ |
| III ਗੁਰਮਤਿ ਸੰਗੀਤ : ਤੰਤੀ ਸਾਜ਼ ਵਾਦਨ | - ਸੀਨੀਅਰ ਅਤੇ ਜੂਨੀਅਰ ਕੈਟਾਗਰੀ |
| IV ਗੁਰਮਤਿ ਸੰਗੀਤ : ਤਾਲ ਸਾਜ਼ ਵਾਦਨ | - ਸੀਨੀਅਰ ਅਤੇ ਜੂਨੀਅਰ ਕੈਟਾਗਰੀ |

3. **ਪ੍ਰਤਿਯੋਗਤਾ ਉਮਰ ਅਤੇ ਪ੍ਰਮਾਣ** : ਇਹ ਪ੍ਰਤਿਯੋਗਤਾ ਸੀਨੀਅਰ (18 ਤੋਂ 25 ਸਾਲ) ਅਤੇ ਜੂਨੀਅਰ (11 ਤੋਂ 18 ਸਾਲ) ਦੇ ਦੋ ਗਰੂਪਾਂ ਅਨੁਸਾਰ ਹੋਵੇਗੀ । ਪ੍ਰਤਿਯੋਗੀ ਦੀ ਉਮਰ ਪ੍ਰਤਿਯੋਗਤਾ ਵਾਲੇ ਦਿਨ ਅਨੁਸਾਰ ਮਿਥੀ ਜਾਵੇਗੀ । ਪ੍ਰਤਿਯੋਗਤਾ ਲਈ ਬਿਨੈ ਪੱਤਰ ਨਾਲ ਉਮਰ ਦੇ ਪ੍ਰਮਾਣ ਪੱਤਰ ਦੀ ਤਸਦੀਕਸ਼ੁਦਾ ਕਾਪੀ ਅਤੇ ਪ੍ਰਤਿਯੋਗਤਾ ਸਮੇਂ ਉਮਰ ਸਬੰਧੀ ਅਸਲ ਪ੍ਰਮਾਣ ਪੱਤਰ ਪੇਸ਼ ਕਰਨਾ ਜ਼ਰੂਰੀ ਹੋਵੇਗਾ ।

4. **ਪ੍ਰਤਿਯੋਗਤਾ ਸਬੰਧੀ ਬਿਨੈ ਪੱਤਰ** : ਗੁਰਮਤਿ ਸੰਗੀਤ ਪ੍ਰਤਿਯੋਗਤਾ ਵਿਚ ਭਾਗ ਲੈਣ ਲਈ ਬਿਨੈ ਪੱਤਰ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਰਧਾਰਿਤ ਪਰੋਫਾ[illegible]ਨੁਸਾਰ ਭਰ ਕੇ ਵਿਭਾਗ ਦੇ ਦਫਤਰ ਵਿਖੇ ਪ੍ਰਤਿਯੋਗਤਾ ਤੋਂ ਇਕ ਦਿਨ ਪਹਿਲਾਂ ਤੱਕ ਪੁਜਦੇ ਕਰਨੇ ਜ਼ਰੂਰੀ ਹਨ । ਇਹ ਪ[illegible]ਰਮ [illegible]ਵਿਭਾਗ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

5. **ਗਾਇਨ ਪ੍ਰਤਿਯੋਗਤਾ ਸਬੰਧੀ ਬਾਣੀ** : ਗੁਰਮਤਿ ਸੰਗੀਤ ਗਾਇਨ ਪ੍ਰਤਿਯੋਗਤਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਗਾਇਨ ਕਰਨਾ ਲਾਜ਼ਮੀ ਹੈ ।

6. **ਪ੍ਰਤਿਯੋਗਤਾ ਪੁਨਰ ਪਾਤਰਤਾ** : ਗੁਰਮਤਿ ਸੰਗੀਤ ਪ੍ਰਤਿਯੋਗਤਾ ਵਿਚ ਕਿਸੇ ਵੀ ਗੁਰਮਤਿ ਸੰਗੀਤ ਕੈਟਾਗਰੀ ਅਧੀਨ ਪ੍ਰਥਮ ਸਥਾਨ ਜੇਤੂ ਗੋਲਡ ਮੈਡਲਿਸਟ ਪ੍ਰਤਿਯੋਗੀ ਉਸੇ ਕੈਟਾਗਰੀ ਵਿਚ ਦੁਬਾਰਾ ਭਾਗ ਨਹੀਂ ਲੈ ਸਕਦਾ । ਗਰੁੱਪ ਸ਼ਬਦ ਗਾਇਨ ਕੈਟਾਗਰੀ 'ਤੇ ਇਹ ਨਿਯਮ ਲਾਗੂ ਨਹੀਂ ਹੋਵੇਗਾ।

7. **ਪ੍ਰਤਿਯੋਗਤਾ ਪੇਸ਼ਕਾਰੀ ਕ੍ਰਮ** : ਗੁਰਮਤਿ ਸੰਗੀਤ ਪ੍ਰਤਿਯੋਗਤਾ ਲਈ ਪ੍ਰਾਪਤ ਐਂਟਰੀਆਂ ਦੇ ਪੇਸ਼ਕਾਰੀ ਕ੍ਰਮ ਹਿਤ ਡਰਾਅ ਹਰ ਪ੍ਰਤਿਯੋਗਤਾ ਦੇ ਅਰੰਭ ਹੋਣ ਤੋਂ 2 ਘੰਟੇ ਪਹਿਲਾਂ ਗੁਰਮਤਿ ਸੰਗੀਤ ਪ੍ਰਤਿਯੋਗਤਾ ਸਟੈਂਡਿੰਗ ਕਮੇਟੀ ਦੁਆਰਾ ਕਢਿਆ ਜਾਵੇਗਾ । ਸਾਰੇ ਪ੍ਰਤਿਯੋਗੀਆਂ ਲਈ ਇਸ ਕ੍ਰਮ ਅਨੁਸਾਰ ਪੇਸ਼ਕਾਰੀ ਕਰਨੀ ਲਾਜ਼ਮੀ ਹੋਵੇਗੀ ਅਤੇ ਕਿਸੇ ਅਟੱਲ ਕਾਰਨ ਕਰਕੇ ਕ੍ਰਮ ਅਨੁਸਾਰ ਪੇਸ਼ਕਾਰੀ ਨਾ ਕਰ ਸਕਣ ਵਾਲੇ ਪ੍ਰਤਿਯੋਗੀ ਨੂੰ ਪੇਸ਼ਕਾਰੀ ਕਰਨ ਦੀ ਆਗਿਆ ਦਾ ਅਧਿਕਾਰ ਚੇਅਰਮੈਨ, ਗੁਰਮਤਿ ਸੰਗੀਤ ਪ੍ਰਤਿਯੋਗਤਾ ਸਟੈਂਡਿੰਗ ਕਮੇਟੀ ਕੋਲ ਹੋਵੇਗਾ ।

8. **ਸਟੇਜ ਉਤੇ ਪਹੁੰਚ** : ਹਰ ਪ੍ਰਤਿਯੋਗੀ ਲਈ ਉਸ ਦੀ ਵਾਰੀ ਆਉਣ ਤੋਂ 20 ਮਿੰਟ ਪਹਿਲਾਂ ਸਟੇਜ ਸਕੱਤਰ ਕੋਲ ਹਾਜ਼ਰ ਹੋਣਾ ਜ਼ਰੂਰੀ ਹੈ । ਅਜਿਹਾ ਕਰਨ ਵਿਚ ਅਸਫਲ ਰਹਿਣ ਤੇ ਸਟੇਜ ਉਤੋਂ ਦਿੱਤੇ ਗਏ ਤੀਸਰੇ ਸਦੇ ਉਪਰੰਤ ਉਸਨੂੰ ਅਯੋਗ ਘੋਸ਼ਿਤ ਕਰ ਦਿਤਾ ਜਾਵੇਗਾ ।

9. **ਪ੍ਰਤਿਯੋਗਤਾ ਸਮਾਂ** :

I ਸੀਨੀਅਰ ਕੈਟਾਗਰੀ ਦੀਆਂ ਪ੍ਰਤਿਯੋਗਤਾਵਾਂ ਲਈ ਸਮੇਂ ਸੀਮਾ 8-10 ਮਿੰਟ ਦੀ ਹੈ।

II ਜੂਨੀਅਰ ਕੈਟਾਗਰੀ ਦੀਆਂ ਪ੍ਰਤਿਯੋਗਤਾਵਾਂ ਲਈ ਸਮੇਂ ਸੀਮਾ 6-8 ਮਿੰਟ ਦੀ ਹੈ।

III ਸਮੇਂ ਸੀਮਾ ਦੀ ਉਲੰਘਣਾ ਕਰਨ ਵਾਲੇ ਪ੍ਰਤਿਯੋਗੀ ਦੀ ਨੈਗੇਟਿਵ ਮਾਰਕਿੰਗ ਕੀਤੀ ਜਾਵੇਗੀ ।

IV ਸਟੇਜ ਸੈਟਿੰਗ ਅਤੇ ਸਾਜ਼ ਸੁਰ ਕਰਨ ਦਾ ਸਮਾਂ ਵੀ ਇਸੇ ਹੀ ਸਮੇਂ ਸੀਮਾ ਦੇ ਅੰਤਰਗਤ ਗਿਣਿਆ ਜਾਵੇਗਾ ।

V ਪੇਸ਼ਕਾਰੀ ਦੀ ਅੰਤਿਮ ਸੀਮਾ ਤੋਂ 2 ਮਿੰਟ ਪਹਿਲਾਂ ਪੀਲਾ ਬਲਬ ਜਗਾ ਕੇ ਪ੍ਰਤਿਯੋਗੀ ਨੂੰ ਸੁਚੇਤ ਕੀਤਾ ਜਾਵੇਗਾ ਅਤੇ ਸਮੇਂ ਸੀਮਾ ਮੁਕਣ ਤੇ ਲਾਲ ਬਲਬ ਜਗਾਉਣ ਦੇ ਨਾਲ ਨਾਲ ਲੰਬੀ ਘੰਟੀ ਵਜਾਈ ਜਾਵੇਗੀ ।

VI ਅੰਤਿਮ ਟਾਈਮ ਮਾਰਜ਼ਨ ਕੇਵਲ 15 ਸੈਕਿੰਡ ਤੱਕ ਮਨਿਆ ਜਾਵੇਗਾ ।

10 **ਵਿਸ਼ੇਸ਼ ਨਿਯਮ**

11. ਤਾਨਪੂਰੇ ਦੇ ਇਲੈਕਟ੍ਰਾਨਿਕ ਰੂਪ ਨੂੰ ਵਰਤਣ ਦੀ ਆਗਿਆ ਹੈ ਅਤੇ ਇਸ ਨੂੰ ਵੱਖਰੇ ਸਾਜਿੰਦੇ ਵਜੋਂ ਨਹੀਂ ਗਿਣਿਆ ਜਾਵੇਗਾ ।

12. **ਪ੍ਰਤਿਯੋਗਤਾ ਅਨੁਸ਼ਾਸਨ** : ਗੁਰਮਤਿ ਸੰਗੀਤ ਪ੍ਰਤਿਯੋਗਤਾ ਦੌਰਾਨ ਕਿਸੇ ਵੀ ਸਮੇਂ ਅਨੁਸ਼ਾਸਨ ਵਿਚ ਵਿਘਨ ਪਾਉਣ ਵਾਲੇ ਪ੍ਰਤਿਯੋਗੀ / ਵਿਅਕਤੀ ਨੂੰ ਅਯੋਗ ਘੋਸ਼ਿਤ ਕਰਦੇ ਹੋਏ ਬਾਹਰ ਭੇਜਣ ਦਾ ਹਕ ਕੋਆਰਡੀਨੇਟਰ, ਗੁਰਮਤਿ ਸੰਗੀਤ ਪ੍ਰਤਿਯੋਗਤਾ ਕੋਲ ਹੋਵੇਗਾ ।

13. **ਪ੍ਰਤਿਯੋਗਤਾ ਸਬੰਧੀ ਇਤਰਾਜ਼** : ਪ੍ਰਤਿਯੋਗਤਾ ਸਬੰਧੀ ਕਿਸੇ ਵੀ ਤਰਾਂ ਦਾ ਇਤਰਾਜ਼ ਕੋਆਰਡੀਨੇਟਰ, ਗੁਰਮਤਿ ਸੰਗੀਤ ਪ੍ਰਤਿਯੋਗਤਾ ਰਾਹੀਂ ਸੈਸ਼ਨ ਦੌਰਾਨ ਆਖਰੀ ਟੀਮ ਵਲੋਂ ਪੇਸ਼ਕਾਰੀ ਤੋਂ 30 ਮਿੰਟ ਦੇ ਅੰਦਰ ਇੱਕ ਸੌ ਰੁਪਏ ਦੀ ਨਕਦ ਰਾਸ਼ੀ ਸਹਿਤ ਲਿਖਤ ਰੂਪ ਵਿਚ ਕੀਤਾ ਜਾ ਸਕਦਾ ਹੈ। ਇਤਰਾਜ਼ ਗਲਤ ਸਾਬਤ ਹੋਣ ਦੀ ਸੂਰਤ ਵਿਚ ਇਹ ਫੀਸ ਜਬਤ ਹੋ ਜਾਵੇਗੀ । ਕਿਸੇ ਵੀ ਵਾਦ ਵਿਵਾਦ ਦੀ ਸੂਰਤ ਵਿਚ ਗੁਰਮਤਿ ਸੰਗੀਤ ਪ੍ਰਤਿਯੋਗਤਾ ਸਟੈਂਡਿੰਗ ਕਮੇਟੀ ਵਲੋਂ ਦਿੱਤਾ ਗਿਆ ਨਿਰਣਾ ਅੰਤਿਮ ਹੋਵੇਗਾ ।

14. **ਨਿਯਮਾਂ ਸਬੰਧੀ ਨਿਰਣਾ** : ਅਟਲ ਪਰਸਥਿਤੀਆਂ ਵਿਚ ਨਿਯਮਾਂ ਸਬੰਧੀ ਫੈਸਲਾ ਲੈਣ ਦਾ ਅਧਿਕਾਰ ਗੁਰਮਤਿ ਸੰਗੀਤ ਪ੍ਰਤਿਯੋਗਤਾ ਪ੍ਰਬੰਧਕੀ ਕਮੇਟੀ ਕੋਲ ਹੋਵੇਗਾ ।

15. **ਨਿਰਣਾ** : ਗੁਰਮਤਿ ਸੰਗੀਤ ਪ੍ਰਤਿਯੋਗਤਾ ਦੇ ਨਿਰਣੇ ਸਬੰਧੀ ਨਿਰਣਾਇਕ ਮੰਡਲ ਦਾ ਫੈਸਲਾ ਅੰਤਿਮ ਮੰਨਿਆ ਜਾਵੇਗਾ ।

## I. ਗੁਰਮਤਿ ਸੰਗੀਤ : ਸਮੂਹ ਸ਼ਬਦ ਗਾਇਨ - ਸੀਨੀਅਰ ਅਤੇ ਜੂਨੀਅਰ ਕੈਟਾਗਰੀ ਸਬੰਧੀ ਵਿਸ਼ੇਸ਼ ਨਿਯਮ

1. ਸ਼ਬਦ ਗਾਇਨ (ਸਾਮੂਹਿਕ) ਟੀਮ ਵਿਚ ਪ੍ਰਤਿਯੋਗੀਆਂ ਦੀ ਗਿਣਤੀ ਸਾਜ਼ਿੰਦਿਆਂ ਸਮੇਤ 5 ਤੋਂ 7 ਤੱਕ ਹੋ ਸਕਦੀ ਹੈ । ਇਨਾਂ ਮੁਕਾਬਲਿਆਂ ਲਈ ਪ੍ਰਤਿਯੋਗੀ ਦੇ ਨਾਲ ਦੋ ਤੱਕ ਬਾਹਰੀ ਸਹਿਯੋਗੀ ਕਲਾਕਾਰ / ਸਾਜ਼ਿੰਦੇ ਹੋ ਸਕਦੇ ਹਨ ਜਿਨਾਂ ਦੀ ਗਿਣਤੀ ਟੀਮ ਪ੍ਰਤਿਯੋਗੀਆਂ ਵਜੋਂ ਕੀਤੀ ਜਾਵੇਗੀ।
2. ਇਸ ਪ੍ਰਤਿਯੋਗਤਾ ਵਿਚ ਭਾਗ ਲੈਣ ਵਾਲੇ ਪ੍ਰਤਿਯੋਗੀਆਂ ਲਈ ਰਜਿਸਟਰੇਸ਼ਨ ਉਪਰਾਂਤ ਨਿਰਧਾਰਤ ਨਿਰਣਾਇਕ ਮੰਡਲ ਦੇ ਸਨਮੁਖ ਪ੍ਰਾਰੰਭਿਕ ਪ੍ਰੀਖਿਆ ਵਿਚੋਂ ਸਫਲ ਹੋਣਾ ਜ਼ਰੂਰੀ ਹੋਵੇਗਾ ।
3. ਸ਼ਬਦ ਦੀ ਗਾਇਨ ਸ਼ੈਲੀ ਸਿੱਖ ਰਹਿਤ ਮਰਿਆਦਾ ਅਤੇ ਸਿੱਖ ਮਿਊਜ਼ਿਕੋਲੋਜੀ 'ਤੇ ਆਧਾਰਿਤ ਹੋਣੀ ਚਾਹੀਦੀ ਹੈ ਜਿਸ ਵਿਚ ਨਿਰਧਾਰਿਤ ਰਾਗ, ਬਾਣੀ ਵਿਚ ਅੰਕਿਤ ਨਿਰਧਾਰਿਤ ਗਾਇਨ ਸ਼ੈਲੀ, ਰਹਾਓ ਦੀ ਤੁਕ ਨੂੰ ਸ਼ਬਦ ਦੀ ਸਥਾਈ ਵਜੋਂ ਅਤੇ ਅੰਤਰਿਆਂ ਦੀ ਵੰਡ ਸ਼ਬਦ ਦੇ ਅੰਕਾਂ ਅਨੁਸਾਰ ਕਰਕੇ ਪ੍ਰਤਿਯੋਗਤਾ ਹਿਤ ਸ਼ਬਦ ਦੀ ਸੰਗੀਤ ਰਚਨਾ ਤਿਆਰ ਕੀਤੀ ਜਾਵੇ ।
4. ਗਰੁੱਪ ਸ਼ਬਦ ਗਾਇਨ ਪ੍ਰਤੀਯੋਗਤਾ ਲਈ ਪ੍ਰਸਤੁਤ ਸ਼ਬਦ ਗਾਇਨ ਦੇ ਪ੍ਰਾਰੰਭ ਵਿਚ ਬੰਦਨਾ / ਮੰਗਲਾਚਰਣ ਕਰਨਾ ਜ਼ਰੂਰੀ ਹੈ ।
5. ਸ਼ਬਦ ਗਾਇਨ ਸਮੇਂ ਬਾਣੀ ਦਾ ਸ਼ੁੱਧ ਉਚਾਰਣ ਅਤੇ ਰਾਗ ਸਰੂਪ ਦੀ ਸ਼ੁੱਧਤਾ ਅਤੇ ਸਹੀ ਸੁਰ-ਲਗਾਵ ਦਾ ਧਿਆਨ ਰਖਣਾ ਅਤਿ ਜ਼ਰੂਰੀ ਹੈ ।
6. ਸ਼ਬਦ ਗਾਇਨ ਵਿਚ ਕੇਵਲ ਬੋਲ ਅਲਾਪ ਅਤੇ ਬੋਲ ਤਾਨਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ।
7. ਤੰਤੀ ਸਾਜ਼ਾਂ ਨਾਲ ਸ਼ਬਦ ਗਾਇਨ ਕਰਨ ਵਾਲੇ ਪ੍ਰਤਿਯੋਗੀਆਂ ਨੂੰ ਤਰਜੀਹ ਦਿੱਤੀ ਜਾਵੇਗੀ ।

## II. ਗੁਰਮਤਿ ਸੰਗੀਤ : ਵਿਅਕਤੀਗਤ ਸ਼ਬਦ ਗਾਇਨ - ਸੀਨੀਅਰ ਅਤੇ ਜੂਨੀਅਰ ਕੈਟਾਗਰੀ ਸਬੰਧੀ ਵਿਸ਼ੇਸ਼ ਨਿਯਮ

1. ਸ਼ਬਦ ਦੀ ਗਾਇਨ ਸ਼ੈਲੀ ਸਿੱਖ ਰਹਿਤ ਮਰਿਆਦਾ ਅਤੇ ਸਿੱਖ ਮਿਊਜ਼ਿਕੋਲੋਜੀ 'ਤੇ ਆਧਾਰਿਤ ਹੋਣੀ ਚਾਹੀਦੀ ਹੈ ਜਿਸ ਵਿਚ ਨਿਰਧਾਰਿਤ ਰਾਗ, ਬਾਣੀ ਵਿਚ ਅੰਕਿਤ ਨਿਰਧਾਰਿਤ ਗਾਇਨ ਸ਼ੈਲੀ, ਰਹਾਓ ਦੀ ਤੁਕ ਨੂੰ ਸ਼ਬਦ ਦੀ ਸਥਾਈ ਵਜੋਂ ਅਤੇ ਅੰਤਰਿਆਂ ਦੀ ਵੰਡ ਸ਼ਬਦ ਦੇ ਅੰਕਾਂ ਅਨੁਸਾਰ ਕਰਕੇ ਪ੍ਰਤਿਯੋਗਤਾ ਹਿਤ ਸ਼ਬਦ ਦੀ ਸੰਗੀਤ ਰਚਨਾ ਤਿਆਰ ਕੀਤੀ ਜਾਵੇ ।
2. ਸੀਨੀਅਰ ਕੈਟਾਗਰੀ ਦੇ ਪ੍ਰਤੀਯੋਗੀਆਂ ਲਈ ਸ਼ਬਦ ਗਾਇਨ ਦੇ ਪ੍ਰਾਰੰਭ ਵਿਚ ਬੰਦਨਾ / ਮੰਗਲਾਚਰਣ ਕਰਨਾ ਜ਼ਰੂਰੀ ਹੈ ।
3. ਸ਼ਬਦ ਗਾਇਨ ਸਮੇਂ ਬਾਣੀ ਦਾ ਸ਼ੁੱਧ ਉਚਾਰਨ ਅਤੇ ਰਾਗ ਸਰੂਪ ਦੀ ਸ਼ੁੱਧਤਾ ਅਤੇ ਸਹੀ ਸੁਰ-ਲਗਾਵ ਦਾ ਧਿਆਨ ਰਖਣਾ ਅਤਿ ਜ਼ਰੂਰੀ ਹੈ ।
4. ਸ਼ਬਦ ਗਾਇਨ ਵਿਚ ਕੇਵਲ ਬੋਲ ਅਲਾਪ ਅਤੇ ਬੋਲ ਤਾਨਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ।
5. ਇਨ੍ਹਾਂ ਮੁਕਾਬਲਿਆਂ ਲਈ ਪ੍ਰਤਿਯੋਗੀ ਦੇ ਨਾਲ ਤਿੰਨ ਤੱਕ ਸਹਿਯੋਗੀ ਕਲਾਕਾਰ / ਸਾਜ਼ਿੰਦੇ ਹੋ ਸਕਦੇ ਹਨ । ਪ੍ਰਤਿਯੋਗੀ ਖੁਦ ਵੀ ਸਾਜ਼ ਵਜਾ ਸਕਦਾ ਹੈ ।
6. ਤੰਤੀ ਸਾਜ਼ਾਂ ਨਾਲ ਸ਼ਬਦ ਗਾਇਨ ਕਰਨ ਵਾਲੇ ਪ੍ਰਤਿਯੋਗੀਆਂ ਨੂੰ ਤਰਜੀਹ ਦਿੱਤੀ ਜਾਵੇਗੀ ।
7. ਸੀਨੀਅਰ ਕੈਟਾਗਰੀ ਲਈ ਸਮੇਂ ਦੀ ਹਦ 8-10 ਮਿੰਟ ਅਤੇ ਜੂਨੀਅਰ ਕੈਟਾਗਰੀ ਲਈ 6-8 ਮਿੰਟ ਹੋਵੇਗੀ ।

## III. ਗੁਰਮਤਿ ਸੰਗੀਤ : ਤੰਤੀ ਸਾਜ਼ ਵਾਦਨ - ਸੀਨੀਅਰ ਅਤੇ ਜੂਨੀਅਰ ਕੈਟਾਗਰੀ ਸਬੰਧੀ ਵਿਸ਼ੇਸ਼ ਨਿਯਮ

1. ਪ੍ਰਤਿਯੋਗਤਾ ਲਈ ਹੇਠ ਲਿਖੇ ਸਾਜ਼ਾਂ ਵਿਚੋਂ ਕੋਈ ਵੀ ਸਾਜ਼ ਚੁਣਿਆ ਜਾ ਸਕਦਾ ਹੈ : ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਇਸਰਾਜ, ਸਿਤਾਰ ਆਦਿ ।
2. ਗੁਰਮਤਿ ਸੰਗੀਤ ਪਰੰਪਰਾ ਦੇ ਤੰਤੀ ਸਾਜ਼ਾਂ ਦਾ ਵਾਦਨ ਕਰਨ ਵਾਲੇ ਪ੍ਰਤਿਯੋਗੀਆਂ ਨੂੰ ਤਰਜੀਹ ਦਿੱਤੀ ਜਾਵੇਗੀ ।
3. ਪ੍ਰਤਿਯੋਗੀ ਆਪਣੇ ਨਾਲ ਦੋ ਸਹਿਯੋਗੀ ਕਲਾਕਾਰ / ਸਾਜ਼ਿੰਦੇ ਰੱਖ ਸਕਦਾ ਹੈ ।
4. ਗਾਇਨ ਅੰਗ ਤੋਂ ਵਾਦਨ ਪ੍ਰਸਤੁਤ ਕਰਨ ਵਾਲੇ ਪ੍ਰਤਿਯੋਗੀਆਂ ਨੂੰ ਤਰਜੀਹ ਦਿੱਤੀ ਜਾਵੇਗੀ ।
5. ਤੰਤੀ ਸਾਜ਼ਾਂ ਦੀ ਵਾਦਨ ਪੇਸ਼ਕਾਰੀ ਦੇ ਅੰਤਰਗਤ ਗਤ/ ਬੰਦਿਸ਼ ਦੀ ਚੋਣ, ਰਾਗ ਸ਼ੁਧਤਾ, ਸਹੀ ਸੁਰ-ਲਗਾਵ, ਤਾਲ, ਲੈਅ, ਤੋੜੇ ਅਤੇ ਝਾਲਾ ਵਾਦਨ ਦੇ ਅਧਾਰ 'ਤੇ ਪ੍ਰਤਿਯੋਗੀ ਦਾ ਮੁਲਾਂਕਣ ਕੀਤਾ ਜਾਵੇਗਾ ।
6. ਸੀਨੀਅਰ ਕੈਟਾਗਰੀ ਲਈ ਸਮੇਂ ਦੀ ਹਦ 8-10 ਮਿੰਟ ਅਤੇ ਜੂਨੀਅਰ ਕੈਟਾਗਰੀ ਲਈ 6-8 ਮਿੰਟ ਹੋਵੇਗੀ ।

## IV. ਗੁਰਮਤਿ ਸੰਗੀਤ : ਤਾਲ ਸਾਜ਼ ਵਾਦਨ - ਸੀਨੀਅਰ ਅਤੇ ਜੂਨੀਅਰ ਕੈਟਾਗਰੀ ਸਬੰਧੀ ਵਿਸ਼ੇਸ਼ ਨਿਯਮ

1. ਇਸ ਪ੍ਰਤਿਯੋਗਤਾ ਹਿਤ ਜੋੜੀ, ਤਬਲਾ, ਮ੍ਰਿਦੰਗ / ਪਖਾਵਜ ਵਿਚੋਂ ਕੋਈ ਵੀ ਸਾਜ਼ ਚੁਣਿਆ ਜਾ ਸਕਦਾ ਹੈ ।
2. ਤਾਲ ਚੋਣ, ਬੋਲਾਂ ਦੀ ਸ਼ੁੱਧਤਾ, ਲੈਅ ਅਤੇ ਤਾਲ ਉਪਰ ਪੂਰਨ ਅਧਿਕਾਰ, ਤਾਲ ਦੇ ਛੰਦ ਅਨੁਸਾਰ ਕੀਤੀ ਗਈ ਬੜ੍ਹਤ / ਪ੍ਰਸਤਾਰ / ਵਿਸਤਾਰ ਦੇ ਆਧਾਰ ਤੇ ਪ੍ਰਤਿਯੋਗੀ ਦਾ ਮੁਲਾਂਕਣ ਕੀਤਾ ਜਾਵੇਗਾ ।
3. ਪੇਸ਼ਕਾਰੀ ਦੇ ਅੰਤਰਗਤ ਪੇਸ਼ਕਾਰ, ਕਾਇਦਾ, ਗਤ ਕਾਇਦਾ, ਗਤ, ਰੇਲਾ, ਪਰਣ ਅਤੇ ਤਿਹਾਈਆਂ ਸਹਿਤ ਕੀਤੇ ਗਏ ਵਾਦਨ ਨੂੰ ਤਰਜੀਹ ਦਿੱਤੀ ਜਾਵੇਗੀ ।
4. ਪ੍ਰਤਿਯੋਗੀ ਆਪਣੇ ਨਾਲ ਦੋ ਸਹਿਯੋਗੀ ਕਲਾਕਾਰ / ਸਾਜ਼ਿੰਦੇ ਰੱਖ ਸਕਦਾ ਹੈ ।
5. ਗੁਰਮਤਿ ਸੰਗੀਤ ਦੀ ਤਾਲ ਸਾਜ਼ ਵਾਦਨ ਪਰੰਪਰਾ ਦੇ ਅਨੁਸਾਰ ਕੀਤੇ ਗਏ ਵਾਦਨ ਨੂੰ ਤਰਜੀਹ ਦਿੱਤੀ ਜਾਵੇਗੀ ।
6. ਸੀਨੀਅਰ ਕੈਟਾਗਰੀ ਲਈ ਸਮੇਂ ਦੀ ਹਦ 8-10 ਮਿੰਟ ਅਤੇ ਜੂਨੀਅਰ ਕੈਟਾਗਰੀ ਲਈ 6-8 ਮਿੰਟ ਹੋਵੇਗੀ ।

ਸੰਪਰਕ : ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
0175-3046184, 3046194